# ਅਕਸਰ ਪੁੱਛੇ ਜਾਂਦੇ ਸਵਾਲ

Punjabi | ਪੰਜਾਬੀ

## ਮੈਨੂੰ ਇੰਕਲਿੰਗਜ਼ ਲਈ ਰਜਿਸਟਰ ਕਰਨ ਲਈ ਸਹਾਇਤਾ ਦੀ ਲੋੜ ਹੈ

ਜੇਕਰ ਤੁਹਾਨੂੰ ਕਿਸੇ ਵੀ ਫਾਰਮ ਨੂੰ ਭਰਨ ਲਈ ਕਿਸੇ ਸਹਾਇਤਾ ਦੀ ਲੋੜ ਹੈ, ਜਾਂ ਹੋਰ ਜਾਣਕਾਰੀ ਦੀ ਲੋੜ ਹੈ, ਤਾਂ ਕਿਰਪਾ ਕਰਕੇ ਸਾਡੇ ਨਾਲ 1300 030 655 'ਤੇ ਸੰਪਰਕ ਕਰੋ।

ਦੁਭਾਸ਼ੀਆ ਸੇਵਾਵਾਂ ਹਰ ਉਸ ਵਿਅਕਤੀ ਲਈ ਉਪਲਬਧ ਹਨ ਜੋ ਕਿਸੇ ਵੱਖਰੀ ਭਾਸ਼ਾ ਵਿੱਚ ਸਹਾਇਤਾ ਲੈਣ ਨੂੰ ਤਰਜੀਹ ਦਿੰਦਾ ਹੈ ਅਤੇ ਜੋ ਜਾਂ ਤਾਂ ਫ਼ੋਨ 'ਤੇ ਜਾਂ ਵਿਅਕਤੀਗਤ ਤੌਰ 'ਤੇ ਹੋ ਸਕਦੀ ਹੈ। ਕਿਰਪਾ ਕਰਕੇ ਸਾਨੂੰ ਦੱਸੋ ਕਿ ਇਹ ਮਾਮਲਾ ਹੈ, ਅਤੇ ਅਸੀਂ ਸਹਾਇਤਾ ਕਰ ਸਕਦੇ ਹਾਂ।

## ਮੈਨੂੰ ਆਮ ਸਹਾਇਤਾ ਦੀ ਲੋੜ ਹੈ। ਮੈਂ ਮੱਦਦ ਕਿਵੇਂ ਪ੍ਰਾਪਤ ਕਰਾਂ?

ਇੰਕਲਿੰਗਜ਼ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ, ਤੁਸੀਂ ਇਹ ਕਰ ਸਕਦੇ ਹੋ:

- ਸਾਨੂੰ 1300 030 655 'ਤੇ ਫ਼ੋਨ ਕਰੋ
- ਸਾਡੀ ਵੈੱਬਸਾਈਟ inklings.org.au/sa 'ਤੇ ਜਾਓ
- ਸਾਨੂੰ inklings@thekids.org.au 'ਤੇ ਈਮੇਲ ਭੇਜੋ

## ਇੰਕਲਿੰਗਜ਼ ਕੀ ਹੈ?

ਇੰਕਲਿੰਗਜ਼ 6-18 ਮਹੀਨਿਆਂ ਦੀ ਉਮਰ ਦੇ ਬੱਚਿਆਂ ਲਈ ਇੱਕ ਪ੍ਰੋਗਰਾਮ ਹੈ ਜੋ ਆਪਣੇ ਸਮਾਜਿਕ ਤੌਰ 'ਤੇ ਵਿਚਰਨ ਅਤੇ ਸੰਚਾਰ ਵਿਕਾਸ ਸੰਬੰਧੀ ਸ਼ੁਰੂਆਤੀ ਪਾੜਾ ਦਿਖਾ ਰਹੇ ਹੁੰਦੇ ਹਨ।

ਇਹ ਪ੍ਰੋਗਰਾਮ ਇੱਕ ਦੇਖਭਾਲਕਰਤਾ ਦੇ ਆਪਣੇ ਬੱਚੇ ਨਾਲ ਗੱਲਬਾਤ ਕਰਨ ਵਾਲੇ ਛੋਟੇ ਵੀਡੀਓਜ਼ ਦੀ ਵਰਤੋਂ ਕਰਦਾ ਹੈ ਤਾਂ ਜੋ ਉਹਨਾਂ ਦੇ ਬੱਚੇ ਦੁਆਰਾ ਸੰਚਾਰ ਕਰਨ ਦੇ ਵੱਖ-ਵੱਖ ਤਰੀਕਿਆਂ ਨੂੰ ਬਿਹਤਰ ਢੰਗ ਨਾਲ ਸਮਝਣ ਵਿੱਚ ਉਹਨਾਂ ਦੀ ਮੱਦਦ ਕੀਤੀ ਜਾ ਸਕੇ। ਇਸ ਪ੍ਰੋਗਰਾਮ ਵਿੱਚ ਇੱਕ ਪ੍ਰੈਕਟੀਸ਼ਨਰ ਦੇ ਨਾਲ 10 ਪੰਦਰਵਾੜੇ ਦੇ ਬਾਅਦ ਹੋਣ ਵਾਲੇ ਸੈਸ਼ਨ ਸ਼ਾਮਲ ਹੁੰਦੇ ਹਨ ਅਤੇ ਇਹ ਤੁਹਾਡੇ ਅਤੇ ਤੁਹਾਡੇ ਬੱਚੇ ਲਈ ਤਿਆਰ ਕੀਤੇ ਗਏ ਹੁੰਦੇ ਹੈ।

ਇੱਕ ਸਿਖਲਾਈ ਪ੍ਰਾਪਤ ਪ੍ਰੈਕਟੀਸ਼ਨਰ ਦੇ ਮਾਰਗਦਰਸ਼ਨ ਨਾਲ, ਦੇਖਭਾਲਕਰਤਾ ਆਪਣੇ ਬੱਚੇ ਲਈ ਇੱਕ ਜਵਾਬਦੇਹ ਸੰਚਾਰ ਸਾਥੀ ਵਜੋਂ ਆਪਣੀਆਂ ਸ਼ਕਤੀਆਂ ਨੂੰ ਆਪਣੇ ਆਪ ਬਣਾਉਣ ਲਈ ਰਣਨੀਤੀਆਂ ਸਿੱਖਣਗੇ।

## ਇਸ ਪ੍ਰੋਗਰਾਮ ਨੂੰ ਕਰਨ ਦਾ ਕੀ ਫਾਇਦਾ ਹੈ?

ਇੰਕਲਿੰਗਜ਼ ਦੇਖਭਾਲ ਕਰਨ ਵਾਲਿਆਂ ਨੂੰ ਉਨ੍ਹਾਂ ਦੇ ਬੱਚੇ ਨੂੰ ਬਿਹਤਰ ਤਰੀਕੇ ਨਾਲ ਸਮਝਣ ਵਿੱਚ ਸਹਾਇਤਾ ਕਰਦੀ ਹੈ। ਇਹ ਪ੍ਰੋਗਰਾਮ ਦੇਖਭਾਲ ਕਰਨ ਵਾਲਿਆਂ ਨੂੰ ਇਹ ਸਮਝਣ ਵਿੱਚ ਮੱਦਦ ਕਰਦਾ ਹੈ ਕਿ ਉਹਨਾਂ ਦਾ ਬੱਚਾ ਕਿਵੇਂ ਸੰਚਾਰ ਕਰਦਾ ਹੈ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਉਹਨਾਂ ਦੇ ਬੱਚੇ ਨੂੰ ਹੁੰਗਾਰਾ ਦੇਣ ਅਤੇ ਉਹਨਾਂ ਨਾਲ ਗੱਲਬਾਤ ਕਰਨ ਵਿੱਚ ਸਹਾਇਤਾ ਕਰਦਾ ਹੈ।

ਇਸ ਪ੍ਰੋਗਰਾਮ ਦਾ ਉਦੇਸ਼ ਦੇਖਭਾਲਕਰਤਾ ਅਤੇ ਬੱਚੇ ਵਿਚਕਾਰ ਮਜ਼ੇਦਾਰ ਅਤੇ ਅਰਥਪੂਰਨ ਆਪਸੀ ਤਾਲਮੇਲ ਨੂੰ ਉਤਸ਼ਾਹਿਤ ਕਰਕੇ ਸਮਾਜਿਕ ਅਤੇ ਸੰਚਾਰ ਵਿਕਾਸ ਨੂੰ ਉਤਸ਼ਾਹਿਤ ਕਰਨਾ ਹੈ।

## ਇੰਕਲਿੰਗਜ਼ ਕਿਸ ਲਈ ਹੈ?

ਇੱਕ ਬੱਚੇ ਨੂੰ ਇੰਕਲਿੰਗਜ਼ ਤੋਂ ਲਾਭ ਹੋ ਸਕਦਾ ਹੈ ਜੇਕਰ:

- ਉਹ ਆਪਣੇ ਸ਼ੁਰੂਆਤੀ ਸਮਾਜਿਕ ਤੌਰ 'ਤੇ ਵਿਚਰਨ ਅਤੇ ਸੰਚਾਰ ਵਿਕਾਸ ਵਿੱਚ ਦੇਰੀ ਜਾਂ ਪਾੜਾ ਦਿਖਾ ਰਹੇ ਹਨ।
- ਉਹ ਅਜੇ ਤੱਕ ਆਪਣੀ ਉਮਰ ਲਈ ਉਮੀਦ ਕੀਤੇ ਜਾਂਦੇ ਕਈ ਕਿਸਮ ਦੇ ਸਮਾਜਿਕ ਅਤੇ ਸੰਚਾਰ ਵਿਵਹਾਰਾਂ ਦਾ ਪ੍ਰਦਰਸ਼ਨ ਨਹੀਂ ਕਰ ਰਹੇ ਹਨ।
- ਜਾਂ, ਤੁਸੀਂ ਆਪਣੇ ਬੱਚੇ ਦੇ ਸਮਾਜਿਕ ਤੌਰ 'ਤੇ ਵਿਚਰਨ ਅਤੇ ਸੰਚਾਰ ਵਿਕਾਸ ਬਾਰੇ ਚਿੰਤਤ ਹੋ।

## ਇੰਕਲਿੰਗਜ਼ ਵਿੱਚ ਹਿੱਸਾ ਲੈਣ ਲਈ ਸਮੇਂ ਦੀ ਵਚਨਬੱਧਤਾ ਕੀ ਹੈ?

ਇੰਕਲਿੰਗਜ਼ ਪ੍ਰੋਗਰਾਮ ਵਿੱਚ 10 ਸੈਸ਼ਨ ਹੁੰਦੇ ਹਨ। ਹਰ ਸੈਸ਼ਨ 1-ਘੰਟਾ ਲੰਬਾ ਹੁੰਦਾ ਹੈ ਅਤੇ ਪੰਦਰਵਾੜੇ ਵਿੱਚ ਇੱਕ ਵਾਰ ਹੁੰਦਾ ਹੈ। ਸਾਰਾ ਪ੍ਰੋਗਰਾਮ 6 ਮਹੀਨਿਆਂ ਦੀ ਮਿਆਦ ਦੇ ਅੰਦਰ ਪੂਰਾ ਹੋ ਜਾਂਦਾ ਹੈ। ਜੇ ਟੈਲੀਹੈਲਥ ਰਾਹੀਂ ਕੀਤਾ ਜਾਂਦਾ ਹੈ ਤਾਂ ਸੈਸ਼ਨ ਦਾ ਸਮਾਂ ਥੋੜ੍ਹਾ ਵੱਖਰਾ ਹੋ ਸਕਦਾ ਹੈ।


© ਕਿਡਜ਼ ਰਿਸਰਚ ਇੰਸਟੀਚਿਊਟ ਆਸਟ੍ਰੇਲੀਆ 2024। ਸਾਰੇ ਹੱਕ ਰਾਖਵੇਂ ਹਨ।

# ਅਕਸਰ ਪੁੱਛੇ ਜਾਂਦੇ ਸਵਾਲ

## ਮੈਂ ਇੰਕਲਿੰਗਜ਼ ਕਿੱਥੇ ਕਰ ਸਕਦਾ/ਦੀ ਹਾਂ?

ਇੰਕਲਿੰਗਜ਼ ਪ੍ਰਦਾਨ ਕੀਤੇ ਜਾ ਸਕਦੇ ਹਨ:

- ਕਲੀਨਿਕ ਵਿੱਚ — ਅਤੇ ਪੂਰੇ ਐਡੀਲੇਡ, ਅਤੇ ਸਾਊਥ ਆਸਟ੍ਰੇਲੀਆ ਵਿੱਚ ਕਈ ਵੱਖ-ਵੱਖ ਸਥਾਨਾਂ 'ਤੇ ਉਪਲਬਧ ਹੈ।
- ਟੈਲੀਹੈਲਥ ਦੁਆਰਾ - ਇੰਕਲਿੰਗਜ਼ ਪ੍ਰੈਕਟੀਸ਼ਨਰ ਨਾਲ ਵੀਡੀਓ ਕਾਲ ਦੀ ਵਰਤੋਂ ਕਰਦੇ ਹੋਏ
- ਲੋੜ ਪੈਣ 'ਤੇ ਆਪਣੇ ਘਰ ਵਿੱਚ

## ਇਸ ਪ੍ਰੋਗਰਾਮ ਦੀ ਕੀਮਤ ਕਿੰਨੀ ਹੈ?

ਇੰਕਲਿੰਗਜ਼ ਪ੍ਰੋਗਰਾਮ ਨੂੰ SA ਵਿੱਚ ਆਸਟ੍ਰੇਲੀਅਨ ਸਰਕਾਰ ਦੇ ਸੋਸ਼ਲ ਸਰਵਿਸਿਜ਼ ਵਿਭਾਗ ਅਤੇ ਸਾਊਥ ਆਸਟ੍ਰੇਲੀਆਈ ਸਰਕਾਰ ਦੁਆਰਾ ਫੰਡ ਦਿੱਤਾ ਜਾਂਦਾ ਹੈ।

## ਕੀ ਮੇਰਾ ਬੱਚਾ ਇੰਕਲਿੰਗਜ਼ ਲਈ ਯੋਗ ਹੈ?

SA ਵਿੱਚ ਇੰਕਲਿੰਗਜ਼ ਪ੍ਰੋਗਰਾਮ ਲਈ ਯੋਗ ਹੋਣ ਲਈ, ਬੱਚਿਆਂ ਨੂੰ ਲਾਜ਼ਮੀ ਤੌਰ 'ਤੇ:

- ਇਸ ਪ੍ਰੋਗਰਾਮ ਦੀ ਸ਼ੁਰੂਆਤ ਵੇਲੇ 6-18 ਮਹੀਨਿਆਂ ਦੀ ਉਮਰ ਦੇ ਵਿਚਕਾਰ ਹੋਣਾ ਚਾਹੀਦਾ ਹੈ ਅਤੇ,
- ਇਸ ਪ੍ਰੋਗਰਾਮ ਦੀ ਮਿਆਦ ਲਈ ਪਰਿਵਾਰ SA ਵਿੱਚ ਰਹਿੰਦੇ ਹੋਣੇ ਚਾਹੀਦੇ ਹਨ

ਜੇਕਰ ਤੁਹਾਡਾ ਬੱਚਾ ਇਹਨਾਂ ਸ਼ੁਰੂਆਤੀ ਯੋਗਤਾ ਮਾਪਦੰਡਾਂ ਨੂੰ ਪੂਰਾ ਕਰਦਾ ਹੈ, ਤਾਂ ਅਗਲਾ ਕਦਮ ASQ:SE-2 ਨਾਮਕ ਪ੍ਰਸ਼ਨਾਵਲੀ ਨੂੰ ਪੂਰਾ ਕਰਨਾ ਹੈ। ASQ:SE-2 ਦੀ ਵਰਤੋਂ ਬੱਚੇ ਦੇ ਸਮਾਜਿਕ, ਭਾਵਨਾਤਮਕ ਜਾਂ ਸੰਚਾਰ ਹੁਨਰ ਵਿੱਚ ਸੰਭਾਵੀ ਅੰਤਰ ਜਾਂ ਪਾੜੇ ਦੀ ਪਛਾਣ ਕਰਨ ਲਈ ਕੀਤੀ ਜਾਂਦੀ ਹੈ। SA ਵਿੱਚ ਇੰਕਲਿੰਗਜ਼ ਪ੍ਰੋਗਰਾਮ ਲਈ ਯੋਗ ਹੋਣ ਲਈ, ਇਸ ਪ੍ਰਸ਼ਨਾਵਲੀ ਵਿੱਚ ਇੱਕ ਨਿਰਧਾਰਤ ਸੀਮਾ ਦੇ ਅੰਦਰ ਸਕੋਰ (ਅੰਕ ਪ੍ਰਾਪਤ ਕਰਨ) ਦੀ ਲੋੜ ਹੁੰਦੀ ਹੈ।

## ASQ:SE-2 ਕੀ ਹੈ ਅਤੇ ਇਹ ਕਿਵੇਂ ਕੰਮ ਕਰਦਾ ਹੈ?

ASQ:SE-2, ਜਾਂ ਉਮਰ ਅਤੇ ਪੜਾਅ ਪ੍ਰਸ਼ਨਾਵਲੀ, ਸਮਾਜਿਕ-ਭਾਵਨਾਤਮਕ ਦੂਜਾ ਸੰਸਕਰਣ ਉਹ ਪ੍ਰਸ਼ਨਾਵਲੀ ਹੈ ਜੋ ਬੱਚੇ ਦੇ ਸਮਾਜਿਕ, ਭਾਵਨਾਤਮਕ ਜਾਂ ਸੰਚਾਰ ਹੁਨਰ ਵਿੱਚ ਸੰਭਾਵੀ ਅੰਤਰ ਜਾਂ ਪਾੜੇ ਦੀ ਪਛਾਣ ਕਰਨ ਲਈ ਵਰਤੀ ਜਾਂਦੀ ਹੈ।

ਇਹ ਪ੍ਰਸ਼ਨਾਵਲੀ ਬੱਚੇ ਦੇ ਮੁੱਖ ਦੇਖਭਾਲਕਰਤਾ ਦੁਆਰਾ ਪੂਰੀ ਕੀਤੀ ਜਾਂਦੀ ਹੈ ਅਤੇ ਉਹਨਾਂ ਦੇ ਬੱਚੇ ਦੇ ਵਿਵਹਾਰ ਅਤੇ ਦੇਖਭਾਲ ਕਰਨ ਵਾਲੇ ਨੂੰ ਉਹਨਾਂ ਦੇ ਵਿਕਾਸ ਬਾਰੇ ਕੋਈ ਵੀ ਚਿੰਤਾਵਾਂ ਬਾਰੇ ਜਾਣਕਾਰੀ ਹਾਸਲ ਕਰਦੀ ਹੈ।

## ਮੈਂ ਇੰਕਲਿੰਗਜ਼ ਲਈ ਕਿਵੇਂ ਰਜਿਸਟਰ ਕਰ ਸਕਦਾ/ਦੀ ਹਾਂ?

ਇੰਕਲਿੰਗਜ਼ ਦੀ ਵੈੱਬਸਾਈਟ 'ਤੇ ਸਾਊਥ ਆਸਟ੍ਰੇਲੀਆ ਵਿਚਲੇ ਇਸ ਪ੍ਰੋਗਰਾਮ ਤੱਕ ਪਹੁੰਚਣ ਲਈ ਤੁਹਾਡੇ ਬੱਚੇ ਦੀ ਸ਼ੁਰੂਆਤੀ ਯੋਗਤਾ ਦਾ ਮੁਲਾਂਕਣ ਕਰਨ ਲਈ ਇੱਕ ਛੋਟਾ ਜਿਹਾ ਫਾਰਮ ਭਰਨ ਲਈ ਇੱਕ ਲਿੰਕ ਦਿੱਤਾ ਗਿਆ ਹੈ। ਫਿਰ ਇੰਕਲਿੰਗਜ਼ ਦੀ ਟੀਮ ਇਸਦੀ ਸਮੀਖਿਆ ਕਰੇਗੀ, ਅਤੇ ਜੇਕਰ ਢੁੱਕਵਾਂ ਹੋਵੇਗਾ, ਤਾਂ ਤੁਹਾਨੂੰ ਇਸ ਪ੍ਰਕਿਰਿਆ ਵਿਚਲਾ ਅਗਲਾ ਕਦਮ ਭੇਜੇਗੀ।

## ਇਸ ਪ੍ਰੋਗਰਾਮ ਵਿੱਚ ਬੱਚੇ ਦੇ ਨਾਲ ਕਿਸ ਨੂੰ ਸ਼ਾਮਲ ਹੋਣ ਦੀ ਲੋੜ ਹੈ?

ਇੰਕਲਿੰਗਜ਼ ਪ੍ਰੋਗਰਾਮ ਹਰੇਕ ਸੈਸ਼ਨ ਵਿੱਚ ਉਸੇ ਹੀ ਇੱਕ ਹਿੱਸਾ ਲੈਣ ਵਾਲੇ ਦੇਖਭਾਲਕਰਤਾ ਦੇ ਆਲੇ-ਦੁਆਲੇ ਬਣਾਇਆ ਗਿਆ ਹੈ। ਇਸਦਾ ਮਤਲਬ ਹੈ ਕਿ ਇੱਕੋ ਵਿਅਕਤੀ ਨੂੰ ਹਰੇਕ ਸੈਸ਼ਨ ਵਿੱਚ ਹਾਜ਼ਰ ਹੋਣ ਅਤੇ 6-ਮਹੀਨੇ ਦੇ ਪ੍ਰੋਗਰਾਮ ਲਈ ਵਚਨਬੱਧ ਹੋਣ ਦੇ ਯੋਗ ਹੋਣਾ ਚਾਹੀਦਾ ਹੈ। ਹਾਲਾਂਕਿ, ਕਿਸੇ ਦੂਜੇ ਦੇਖਭਾਲਕਰਤਾ ਨੂੰ ਵੀ (ਜਿੱਥੇ ਵਿਹਾਰਕ ਅਤੇ ਉਪਲਬਧ ਹੈ) ਇਨ੍ਹਾਂ ਸੈਸ਼ਨਾਂ ਵਿੱਚ ਮੌਜੂਦ ਰਹਿਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

## ਕੀ ਇਹਨਾਂ ਸੈਸ਼ਨਾਂ ਵਿੱਚ ਆਹਮੋ-ਸਾਹਮਣੇ ਹਾਜ਼ਰ ਹੋਣਾ ਜ਼ਿਆਦਾ ਬਿਹਤਰ ਹੈ? ਕੀ ਟੈਲੀਹੈਲਥ ਰਾਹੀਂ ਇਹ ਪ੍ਰੋਗਰਾਮ ਕਰਨ ਨਾਲ ਮੇਰੇ ਬੱਚੇ ਦਾ ਨੁਕਸਾਨ ਹੋਵੇਗਾ?

ਨਹੀਂ, ਤੁਹਾਡੇ ਬੱਚੇ ਦਾ ਕੋਈ ਨੁਕਸਾਨ ਨਹੀਂ ਹੋਵੇਗਾ। ਇਸ ਪ੍ਰੋਗਰਾਮ ਨੂੰ ਇਹ ਯਕੀਨੀ ਬਣਾਉਣ ਲਈ ਧਿਆਨ ਨਾਲ ਵਿਚਾਰਿਆ ਗਿਆ ਹੈ ਕਿ ਇਹ ਟੈਲੀਹੈਲਥ ਦੁਆਰਾ ਪ੍ਰਦਾਨ ਕੀਤਾ ਜਾ ਸਕਦਾ ਹੈ। ਇਹ ਪ੍ਰੋਗਰਾਮ ਵੀਡੀਓ ਫੀਡਬੈਕ ਦੀ ਵਰਤੋਂ ਕਰਦਾ ਹੈ (ਅਰਥਾਤ, ਇੱਕ ਪ੍ਰੈਕਟੀਸ਼ਨਰ ਤੁਹਾਡੇ ਅਤੇ ਤੁਹਾਡੇ ਬੱਚੇ ਦੀ ਗੱਲਬਾਤ ਦੇ ਸੰਖੇਪ ਵੀਡੀਓ ਦੀ ਸਮੀਖਿਆ ਕਰਦਾ ਹੈ), ਇਸ ਲਈ ਇਹ ਟੈਲੀਹੈਲਥ ਰਾਹੀਂ ਕਰਨ ਲਈ ਢੁੱਕਵਾਂ ਹੈ।

## ਇੰਕਲਿੰਗਜ਼ ਪ੍ਰੋਗਰਾਮ ਦੇ ਅੰਤ ਵਿੱਚ ਕੀ ਹੁੰਦਾ ਹੈ?

ਇਨਕਲਿੰਗ ਪ੍ਰੈਕਟੀਸ਼ਨਰ, ਦੇਖਭਾਲਕਰਤਾ ਅਤੇ ਪ੍ਰੈਕਟੀਸ਼ਨਰ ਨਾਲ ਮਿਲ ਕੇ ਤੁਹਾਡੇ ਬੱਚੇ ਲਈ ਅਗਲੇ ਕਦਮ ਬਾਰੇ ਫ਼ੈਸਲਾ ਕਰਨਗੇ। ਇਸ ਨੂੰ ਇਸ ਪ੍ਰੋਗਰਾਮ ਦੇ ਅੰਤ 'ਤੇ ਦੇਖਭਾਲਕਰਤਾਵਾਂ ਨੂੰ ਦਿੱਤੇ ਜਾਂਦੇ 'ਸਾਰ ਅਤੇ ਅਗਲੇ ਕਦਮਾਂ' ਵਿੱਚ ਸ਼ਾਮਲ ਕੀਤਾ ਜਾਵੇਗਾ।





© ਕਿਡਜ਼ ਰਿਸਰਚ ਇੰਸਟੀਚਿਊਟ ਆਸਟ੍ਰੇਲੀਆ 2024। ਸਾਰੇ ਹੱਕ ਰਾਖਵੇਂ ਹਨ।